# ਕਵਿਤਾ ਪ੍ਰਤਿਭਾਵ ਦੀ ਨਹੀਂ ਅਨੁਭਵ ਦੀ ਹੁੰਦੀ ਹੈ

ਡਾ.ਸੁਰਜੀਤ ਹਾਂਸ

ਗੁਰਮੀਤ ਦੀ ਕਵਿਤਾ ਸਰਵਰਕ ਜਿੰਨੀ ਸੋਹਣੀ ਹੈ।ਉਹਦੇ ਵਿੱਚ ਵ੍ਰਿਧ ਕਵੀ ਹੋਣ ਦੀ ਸੰਭਾਵਨਾ ਹੈ ਜੇ ਚੂੰਢੀਆਂ ਵਾਲ਼ਿਆਂ ਨੇ ਰੰਡੇਪਾ ਕੱਟਣ ਦਿੱਤਾ।ਕਵੀ ਦੀ ਪਰਖ ਉਹਦੇ ਅਲੰਕਾਰਾਂ ਤੋਂ ਹੁੰਦੀ ਹੈ,ਹਕੀਮ ਅਰਸਤੂ ਅਨੁਸਾਰ।ਐਪਰ ਗੁਰਮੀਤ ਵਿੱਚ ਅਲੰਕਾਰਾਵਲੀ ਉਹਦੇ ਨਾ.ਲ ਧੋਖਾ ਕਰੀ ਜਾਂਦੀ ਹੈ।ਅਲੰਕਾਰਾਵਲੀ ਆਵ੍ਰਦ ਦੀ ਨਿਸ਼ਾਨੀ ਹੈ ਜਦੋਂ ਕਵੀ ਆਮਦ ਨੂੰ ਉਡੀਕਦਾ ਧਿੰਗੋਜ਼ੋਰੀ ਲਿਖੀ ਜਾਂਦਾ ਹੈ,ਮਸਲਨ 'ਚੰਦ ਕਿਸ਼ਤੀ 'ਤੇ ਦਰਿਆ', 'ਨਬਜ਼'।

ਕਵਿਤਾ ਪ੍ਰਤਿਭਾਵ ਦੀ ਨਹੀਂ ਅਨੁਭਵ ਦੀ ਹੁੰਦੀ ਹੈ।ਨੈਤਿਕ ਵਿੱਦਿਆ ਅਨੁਸਾਰ ਕੋਈ ਕਤਲ ਨੂੰ ਮਾੜਾ 'ਤੇ ਕੋਈ ਚੰਗਾ ਕਹਿ ਸਕਦਾ ਹੈ।ਕਤਲ ਦਾ ਵਰਨਣ,ਇਹਤੋਂ ਉਪਜਿਆ ਪ੍ਰਤੀਕਰਮ ਕਵਿਤਾ ਹੋਣ ਦੀ ਸਮਰੱਥਾ ਰਖਦਾ ਹੈ।ਜਿਵੇਂ 'ਤੇਰੇ ਕਹਿਣ ਤੋਂ ਪਹਿਲਾਂ',ਮੌਤ ਦਾ ਮਨੋਵਿਗਿਆਨ' 'ਤੇ 'ਆਸਥਾ'।

ਜੋਬਨ ਅਰੰਭ ਫ਼ਲਾਸਫ਼ੀ ਆਪਣੇ ਵੇ.ਲੇ ਤਾਂ ਬੜੀ ਡੂੰਘੀ ਲਗਦੀ ਹੁੰਦੀ ਹੈ ਪਰ ਹੁੰਦੀ ਐਵੇਂ ਐਵੇਂ ਹੈ ਜਿਹੜੀ ਜੋਬਨ ਰੁੱਤ ਦੀ ਨਿਸ਼ਾਨੀ ਹੋਣ ਤੋਂ ਵੱਧ ਕੁੱਝ ਨਹੀਂ ਹੁੰਦੀ।ਮੈਂ ਕੇਵਲ 'ਪੈਂਡਾ ਨਹੀਂ ਮੁੱਕਿਆ'ਦਾ ਜ਼ਿਕਰ ਕਰਦਾ ਹਾਂ।ਆਸ ਹੈ ਗੁਰਮੀਤ ਕਿਸੇ ਦਿਨ ਪਕੜ ਦੀ ਕਵਿਤਾ ਵੀ ਲਿਖੇਗਾ।

'ਝਖੇੜਾ' ਅੱਛਾ ਲਫ਼ਜ਼ ਹੈ।ਮੈਨੂੰ ਸਹੇਜਣ(75),ਚੀਘਣ(69),ਤੜੀਪਾਰ(60) ਸ਼ਬਦਾਂ ਦੀ ਸਮਝ ਨਹੀਂ ਆਈ।

ਭਾਵੇਂ ਰੂਪ ਦਾ ਫ਼ੈਸ਼ਨ ਹੈ,ਪਰ ਚੁੱਪ,ਚੁੱਪ ਤੋਂ ਮਗਰੋਂ,ਚੁੱਪ ਤੋਂ ਚੁੱਪ ਤੱਕ ਦੇ ਸਫ਼ਰ ਦੀ ਕਵਿਤਾ ਤਾਂ ਕੀ ਕੋਈ ਗੱਲ ਵੀ ਨਹੀਂ ਹੋ ਸਕਦੀ।ਫ਼ਲਸਫ਼ਾ ਤਾਂ ਕਹਿੰਦਾ ਹੈ ਕਿ ਜਿੰਨ੍ਹਾਂ ਵਿਸ਼ਿਆਂ ਦੀ ਗੱਲ ਨਹੀਂ ਹੋ ਸਕਦੀ ਉਹਨਾ ਬਾਰੇ ਚੁੱਪ ਰਹਿਣਾ ਚਾਹੀਦਾ ਹੈ।ਇਹ ਗਤ-ਦਰਸ਼ਨ ਚੁੱਪ ਤੋਂ ਅਲਾਪ ਸ਼ੁਰੂ ਕਰਦੇ ਹਨ।